ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service)

# ਅਮਰੀਕੀ ਮੁਸਲਿਮਾਂ ਨਾਲ ਭਾਈਵਾਲੀ ਬਣਾਉਣਾ ਅਤੇ ਉਹਨਾਂ ਨੂੰ ਸ਼ਾਮਲ ਕਰਨਾ

ਸੰਯੁਕਤ ਰਾਜ ਦੇ ਨਿਆਂ ਵਿਭਾਗ (ਡੀ.ਓ.ਜੇ.) (DOJ) ਦਾ ਭਾਈਚਾਰਾ ਸੰਬੰਧ ਸੇਵਾਵਾਂ (ਸੀ.ਆਰ.ਐਸ.) (CRS) ਪ੍ਰੋਗਰਾਮ (The U.S. Department of Justice (DOJ) Community Relations Service's (CRS) program), *ਅਮਰੀਕੀ ਮੁਸਲਿਮਾਂ ਨਾਲ ਭਾਈਵਾਲੀ ਬਣਾਉਣਾ ਅਤੇ ਉਹਨਾਂ ਨੂੰ ਸ਼ਾਮਲ ਕਰਨਾ*, ਇੱਕ ਤਿੰਨ-ਘੰਟੇ ਦਾ, ਵਿਸ਼ਾ ਮਾਹਰਾਂ ਦੀ ਅਗਵਾਈ ਵਿੱਚ ਵਿਅਕਤੀਗਤ ਤੌਰ 'ਤੇ ਕਰਵਾਇਆ ਜਾਣ ਵਾਲਾ ਸਿਖਲਾਈ ਕੋਰਸ ਹੈ, ਜੋ ਕਨੂੰਨ ਅਮਲੀਕਰਨ, ਅਤੇ ਸਰਕਾਰੀ ਅਧਿਕਾਰੀਆਂ, ਅਤੇ ਨਾਲ ਹੀ ਨਾਗਰਿਕ ਅਤੇ ਭਾਈਚਾਰੇ ਦੇ ਆਗੂਆਂ ਨੂੰ ਅਮਰੀਕੀ ਮੁਸਲਿਮ ਭਾਈਚਾਰੇ ਦੇ ਰੀਤੀ ਰਿਵਾਜਾਂ ਅਤੇ ਸੱਭਿਆਚਾਰਕ ਦ੍ਰਿਸ਼ਟੀਕੋਨਾਂ ਨਾਲ ਜਾਣੂ ਕਰਵਾਉਣ ਵਾਸਤੇ ਬਣਾਇਆ ਗਿਆ ਹੈ, ਜਿਸ ਵਿੱਚ ਉਹਨਾਂ ਦੇ ਵਿਚਾਰ, ਪ੍ਰਥਾਵਾਂ, ਅਤੇ ਨਾਗਰਿਕ ਅਧਿਕਾਰਾਂ ਦੇ ਆਧਾਰਿਤ ਸਮੱਸਿਆਵਾਂ ਸ਼ਾਮਲ ਹਨ ਜੋ ਭਾਈਚਾਰੇ ਨੂੰ ਪ੍ਰਭਾਵਿਤ ਕਰਦੇ ਹਨ।

ਸਾਡਾ ਦੇਸ਼ ਆਪਣੀ ਵਿਭਿੰਨਤਾ ਨਾਲ ਸਮਰਿਧ ਬਣਦਾ ਹੈ। ਬਹੁਭਾਂਤੀ ਭਾਈਚਾਰਿਆਂ ਦੇ ਸੱਭਿਆਚਾਰਾਂ ਅਤੇ ਰੀਤੀ ਰਿਵਾਜਾਂ ਨੂੰ ਸਮਝਣਾ ਕਦੇ-ਕਦੇ ਚੁਣੌਤੀਪੂਰਨ ਅਤੇ ਪੇਚੀਦਾ ਹੋ ਸਕਦਾ ਹੈ। ਪੁਲਿਸ ਅਧਿਕਾਰੀ, ਸਭ ਤੋਂ ਪਹਿਲਾਂ ਮੌਕੇ 'ਤੇ ਪਹੁੰਚਣ ਵਾਲੇ ਅਧਿਕਾਰੀ, ਅਤੇ ਹੋਰ ਸਰਕਾਰੀ ਅਧਿਕਾਰੀ, ਨਾਲ ਹੀ ਭਾਈਚਾਰੇ, ਧਾਰਮਿਕ, ਸਕੂਲ, ਅਤੇ ਕਬੀਲੇ ਦੇ ਆਗੂ, ਸੱਭਿਆਚਾਰਕ ਸੰਵੇਦਨਸ਼ੀਲਤਾਵਾਂ, ਸ਼ਮੂਲੀਅਤ ਵਧਾਉਣ ਵਾਸਤੇ ਬਿਹਤਰੀਨ ਪ੍ਰਥਾਵਾਂ, ਅਤੇ ਸੰਚਾਰ ਦੇ ਬਿਹਤਰ ਤਰੀਕਿਆਂ ਬਾਰੇ ਸਿੱਖਿਆ ਲੈ ਕੇ ਉਹਨਾਂ ਅਮਰੀਕੀ ਮੁਸਲਿਮ ਭਾਈਚਾਰਿਆਂ ਨਾਲ ਆਪਣੇ ਰਿਸ਼ਤੇ ਨੂੰ ਮਜ਼ਬੂਤ ਕਰ ਸਕਦੇ ਹਨ ਜਿਨ੍ਹਾਂ ਨਾਲ ਉਹ ਕੰਮ ਕਰਦੇ ਹਨ।

## ਸਿਖਲਾਈ ਦੇ ਲਾਭ

- ਨਿਰਵਿਘਨ ਅੰਤਰਕਿਰਿਆਵਾਂ ਲਈ ਸਹਿਕਾਰਤਾ ਦੀ ਸਹੂਲਤ
- ਆਪਸੀ ਸਤਿਕਾਰ ਸਥਾਪਤ ਹੁੰਦਾ ਹੈ
- ਸੁਰੱਖਿਆ ਵੱਧਦੀ ਹੈ
- ਸੂਚਿਤ ਢੰਗ ਨਾਲ ਜਨਤਕ ਭਰੋਸੇ ਦਾ ਨਿਰਮਾਣ ਕਰਨ ਲਈ ਭਾਈਵਾਲੀ

## ਪ੍ਰੋਗਰਾਮ ਦੀ ਰੂਪ-ਰੇਖਾ



### ਭਾਈਚਾਰਾ ਜਾਗਰੂਕਤਾ ਦੀ ਮਹੱਤਤਾ

ਭਾਈਚਾਰੇ ਦੇ ਵਿੱਚ ਜਾਗਰੂਕਤਾ ਭਾਈਚਾਰੇ ਦੇ ਮੈਂਬਰਾਂ ਨਾਲ ਗਿਆਤ ਰੂਪ ਵਿੱਚ ਅੰਤਰਕਿਰਿਆ ਕਰਨ ਦਿੰਦੀ ਹੈ। ਇਸ ਪਾਠ ਵਿੱਚ ਇਹ ਸਮਝਾਇਆ ਗਿਆ ਹੈ ਕਿ ਕਿਸੀ ਭਾਈਚਾਰੇ ਦੇ ਵਿਚਾਰਾਂ ਅਤੇ ਧਾਰਮਿਕ ਪ੍ਰਥਾਵਾਂ ਨੂੰ ਸਮਝਣ ਨਾਲ ਸ਼ਮੂਲੀਅਤ ਕਿਵੇਂ ਬਿਹਤਰ ਹੁੰਦੀ ਹੈ ਅਤੇ ਅਮਰੀਕੀ ਮੁਸਲਿਮਾਂ ਨੂੰ ਪ੍ਰਭਾਵਿਤ ਕਰ ਰਹੀਆਂ ਸਮੱਸਿਆਵਾਂ ਦਾ ਵਰਣਨ ਵੀ ਕੀਤਾ ਗਿਆ ਹੈ।

### ਜਾਗਰੂਕਤਾ ਅਤੇ ਸਮਝ ਦਾ ਨਿਰਮਾਣ ਕਰਨਾ

ਇਹ ਪਾਠ ਅਮਰੀਕੀ ਮੁਸਲਿਮਾਂ ਅਤੇ ਉਹਨਾਂ ਦੇ ਮਤ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਦਾ ਹੈ ਅਤੇ ਇਹ ਵੀ ਦੱਸਦਾ ਹੈ ਕਿ ਭਾਈਚਾਰਾ ਸ਼ਮੂਲੀਅਤ ਦੀਆਂ ਉਚਿਤ ਪ੍ਰਥਾਵਾਂ ਪਛਾਣਨ ਦੌਰਾਨ, ਗ਼ਲਤ-ਫ਼ਹਿਮੀਆਂ ਅਤੇ ਰੂੜ੍ਹੀਬੱਧਤਾ ਤੋਂ ਬਚਣ ਵਿੱਚ ਮਦਦ ਕਰਨ ਲਈ ਉਹਨਾਂ ਦੀਆਂ ਰੋਜ਼ਾਨਾਂ ਹੋਣ ਵਾਲੀਆਂ ਅੰਤਰਕਿਰਿਆਵਾਂ ਨੂੰ ਕੀ ਪ੍ਰਭਾਵਿਤ ਕਰਦਾ ਹੈ।

### ਭਾਈਚਾਰੇ ਦੀ ਸ਼ਮੂਲੀਅਤ ਵਾਸਤੇ ਯੋਜਨਾਬੰਦੀ

ਇਹ ਪਾਠ ਭਾਈਚਾਰਾ ਸ਼ਮੂਲੀਅਤ ਦੀਆਂ ਉਹਨਾਂ ਰਣਨੀਤੀਆਂ ਨੂੰ ਪਛਾਣਦਾ ਹੈ ਜੋ ਅਮਰੀਕੀ ਮੁਸਲਿਮਾਂ ਨਾਲ ਸੰਬੰਧਾਂ ਨੂੰ ਸੁਆਰਨ ਅਤੇ ਹੋਰ ਬਿਹਤਰ ਬਣਾਉਣ ਲਈ ਬਿਹਤਰੀਨ ਪ੍ਰਥਾਵਾਂ ਨੂੰ ਅੱਗੇ ਵਧਾਉਂਦੀਆਂ ਹਨ ਅਤੇ ਨਾਲ ਹੀ ਕਨੂੰਨ ਅਮਲੀਕਰਨ, ਜਨਤਕ ਅਧਿਕਾਰੀਆਂ, ਅਤੇ ਅਮਰੀਕੀ ਮੁਸਲਿਮ ਭਾਈਚਾਰੇ ਵਿਚਕਾਰ ਭਾਈਵਾਲੀਆਂ ਬਣਾਉਣ ਦੇ ਲਾਭਾਂ ਨੂੰ ਉਜਾਗਰ ਕਰਦਾ ਹੈ।

## ਸੀ.ਆਰ.ਐਸ. (CRS) ਬਾਰੇ

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਦੁਆਰਾ ਸਥਾਪਿਤ ਕੀਤੇ, ਸੀ.ਆਰ.ਐਸ. (CRS) ਦੀਆਂ ਸੇਵਾਵਾਂ ਦਾ ਵਿਸਤਾਰ 2009 ਦੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਾਯਰਡ ਜੂਨੀਅਰ, ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act of 2009) ਦੁਆਰਾ ਹੋਇਆ। ਸੀ.ਆਰ.ਐਸ. (CRS), ਸਯੁੰਕਤ ਰਾਜ ਦੇ ਨਿਆਂ ਵਿਭਾਗ ਦਾ ਇੱਕ ਹਿੱਸਾ, ਉਹਨਾਂ ਭਾਈਚਾਰਿਆਂ ਲਈ "ਅਮਰੀਕਾ ਦੇ ਸ਼ਾਂਤੀਦੂਤ" ਦਾ ਕੰਮ ਕਰਦਾ ਹੈ ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਤਣਾਅ ਜਾਂ ਵਿਵਾਦ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ. (CRS) ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੇ ਰਾਹੀਂ, ਏਜੰਸੀ ਇਹੋ ਜਿਹੇ ਭਾਈਚਾਰਿਆਂ ਦੇ ਮੈਂਬਰਾਂ ਦੀ ਵੱਧ ਰਹੇ ਗਿਆਨ, ਸਮਝ ਅਤੇ ਬਿਹਤਰ ਅੰਦਰੂਨੀ ਸੰਚਾਰ ਰਾਹੀਂ ਸੁਤੰਤਰ ਤੌਰ 'ਤੇ ਅਤੇ ਇੱਕ ਦੂਜੇ ਨਾਲ ਸਹਿਯੋਗ ਕਰਕੇ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਹੱਲ ਕਰਨ ਦੀ ਸਮਰੱਥ ਨੂੰ ਵਧਾਉਂਦੀ ਹੈ।

## ਸੀ.ਆਰ.ਐਸ. (CRS) ਦੀਆਂ ਸੇਵਾਵਾਂ ਅਤੇ ਪ੍ਰੋਗਰਾਮ

ਸੀ.ਆਰ.ਐਸ. (CRS) ਵੱਲੋਂ ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ ਪ੍ਰੋਗਰਾਮਾਂ ਦੀ ਇੱਕ ਲੜੀ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਨੂੰ ਉਹ ਸਮਝ ਪੈਦਾ ਕਰਨ, ਸਹਿਕਾਰਤਾ ਨੂੰ ਸੁਧਾਰਨ, ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਮੱਤ-ਭੇਦਾਂ ਦੀ ਰੋਕਥਾਮ ਲਈ ਇੱਕ ਟੂਲ ਵਜੋਂ ਵਰਤ ਸਕਦੇ ਹਨ। ਸੀ.ਆਰ.ਐਸ. (CRS) ਦੇ ਕਰਮਚਾਰੀ ਪੇਸ਼ਾਵਰ ਵਿਚੋਲੇ, ਸਹਾਇਕ, ਸਿੱਖਿਅਕ, ਅਤੇ ਸਲਾਹਕਾਰ ਹਨ ਜੋ ਕਿ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਕਰਕੇ ਉਹਨਾਂ ਦੀ ਮੌਜੂਦਾ ਵਿਵਾਦਾਂ ਦਾ ਹੱਲ ਕਰਨ ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਵਿਵਾਦਾਂ ਦੀ ਰੋਕਥਾਮ ਕਰਨ ਦੀ ਸਮਰੱਥਾ ਨੂੰ ਹੋਰ ਵਧਾਉਣ ਵਿੱਚ ਅਨੁਭਵ ਰੱਖਦੇ ਹਨ।

### ਅਸੀਂ ਕਿੱਥੇ ਕੰਮ ਕਰਦੇ ਹਾਂ

**ਸੀ.ਆਰ.ਐਸ. (CRS) ਹੈੱਡਕੁਆਰਟਰ**
**ਵਾਸ਼ਿੰਗਟਨ, ਡੀ.ਸੀ.**

**ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ**

**ਨਿਊ ਇੰਗਲੈਂਡ**
ਬਾਸਟਨ, ਮੈਸਾਚੂਸੇਟਸ

**ਮਿਡਵੈਸਟ**
ਸ਼ਿਕਾਗੋ, ਇੱਲੀਨਾਏ

**ਵੈਸਟਰਨ**
ਲਾਸ ਐਂਜਲਿਸ, ਕੈਲੀਫੋਰਨੀਆ

**ਨਾਰਥਈਸਟ**
ਨਿਊ ਯਾਰਕ, ਨਿਊ ਯਾਰਕ

**ਸਾਊਥਵੈਸਟ**
ਡੈਲਾਸ, ਟੈਕਸਸ

**ਨਾਰਥਵੈਸਟ**
ਸੀਐਟਲ, ਵਾਸ਼ਿੰਗਟਨ

**ਮਿਡ-ਅਟਲਾਂਟਿਕ**
ਫ਼ਿਲਾਡੈਲਫ਼ਿਆ, ਪੈਨਸਿਲਵੇਨਿਆ

**ਸੈਂਟਰਲ**
ਕੈਨਸਾਸ ਸਿਟੀ, ਮਿਜ਼ੂਰੀ

**ਸਾਊਥਈਸਟ**
ਅਟਲਾਂਟਾ, ਜਾਰਜੀਆ

**ਰੋਕੀ ਮਾਊਂਟੇਨ**
ਡੈਨਵਰ, ਕੋਲੋਰਾਡੋ

**ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ**
ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸ਼ੀਗਨ
ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ




### ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ

www.justice.gov/crs


facebook.com/DOJCRS/
@DOJ_CRS
askcrs@usdoj.gov
202.305.2935


ਇਸ ਪ੍ਰੋਗਰਾਮ ਬਾਰੇ ਜਾਂ ਸੀ.ਆਰ.ਐਸ. (CRS) ਦੀਆਂ ਹੋਰ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ ਸੀ.ਆਰ.ਐਸ. (CRS) ਦਫ਼ਤਰ ਨਾਲ ਸੰਪਰਕ ਕਰੋ: https://www.justice.gov/crs/about-crs/regional-and-field-offices